







ਧਰਨੇ ਵਿਚ ਮੌਜੂਦ ਜਸਵਿੰਦਰ ਸਿੰਘ ਸਾਹਨੀ, ਵਰਿੰਦਰ ਮਲਿਕ ਤੇ ਹੋਰ। ਤਸਵੀਰ: ਮੁਨੀਸ਼।

# ਮਾਡਲ ਟਾਊਨ ਸ਼ਮਸ਼ਾਨਘਾਟ ਦੇ ਨਾਲ ਲੱਗੇ ਕੂੜੇ ਦੇ ਡੰਪ ਨੂੰ ਪੱਕੇ ਤੌਰ 'ਤੇ ਬੰਦ ਕਰਨ ਲਈ ਧਰਨਾ ਸ਼ੁਰੂ

## ਨਿਗਮ ਚੋਣਾਂ ਕਰ ਕੇ ਨਿਗਮ ਪ੍ਰਸ਼ਾਸਨ ਲਈ ਖੜ੍ਹੀ ਹੋ ਸਕਦੀ ਹੈ ਪ੍ਰੇਸ਼ਾਨੀ

ਜਲੰਧਰ, 8 ਦਸੰਬਰ (ਸ਼ਿਵ )-ਮਾਡਲ ਟਾਊਨ ਸ਼ਮਸ਼ਾਨ ਘਾਟ ਦੇ ਨਾਲ ਲੱਗੇ ਕੂੜੇ ਦੇ ਡੰਪ ਨੂੰ ਪੱਕੇ ਤੌਰ 'ਤੇ ਬੰਦ ਕਰਾਉਣ ਲਈ ਜੁਆਇੰਟ ਐਕਸ਼ਨ ਕਮੇਟੀ ਮਾਡਲ ਟਾਊਨ ਜਲੰਧਰ ਰਜਿ. ਗੁਰਦੁਆਰਾ ਨੌਵੀਂ ਪਾਤਸ਼ਾਹੀ ਗੁਰੂ ਤੇਗ਼ ਬਹਾਦਰ ਨਗਰ ਅਤੇ ਸਮੂਹ ਇਲਾਕਾ ਨਿਵਾਸੀਆਂ ਨੇ ਅਣਮਿਥੇ ਸਮੇਂ ਧਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਜਥੇਦਾਰ ਜਗਜੀਤ ਸਿੰਘ ਗਾਬਾ,ਜਸਵਿੰਦਰ ਸਿੰਘ ਸਾਹਨੀ, ਵਰਿੰਦਰ ਮਲਿਕ, ਮਨਮੀਤ ਸਿੰਘ ਸੋਢੀ, ਕਰਨਲ ਅਮਰੀਕ ਸਿੰਘ ਵਲੋਂ ਸਾਂਝੇ ਤੌਰ ਤੇ ਦੱਸਿਆ ਗਿਆ ਇਹ ਧਰਨਾ ਜ਼ਿਲ ' ਪ੍ਰਸ਼ਾਸਨ ਤੋ ਮੰਗ ਕੀਤੀ ਜਾ ਰਹੀ ਹੈ ਕਿ ਇਸ ਸ਼ਮਸ਼ਾਨ ਘਾਟ ਨਾਲ ਲੱਗੇ ਕੂੜੇ ਵੱਡੇ ਡੰਪ ਨੂੰ ਪੱਕੇ ਤੌਰ ਤੇ ਬੰਦ ਕੀਤਾ ਜਾਵੇ। ਅੱਜ ਤੋਂ ਸਮੂਹ ਇਲਾਕਾ ਨਿਵਾਸੀ ਅਤੇ ਵੱਖ ਵੱਖ ਕਾਲੋਨੀਆਂ ਇਹ ਧਰਨਾ ਅਣਮਿਥੇ ਉਦੋਂ ਜਾਰੀ ਰਹੇਗਾ।। ਇਸ ਧਰਨੇ ਵਿਚ ਕੰਵਲਜੀਤ ਸਿੰਘ ਟੋਨੀ ਸੁਨੀਲ ਚੋਪੜਾ, ਆਰ ਪੀ ਗੰਭੀਰ , ਏ. ਐਲ. ਚਾਵਲਾ , ਵਿਵੇਕ ਭਾਰਦਵਾਜ, ਲਲਿਤ ਕੁਮਾਰ , ਜਗਦੀਪ ਸਿੰਘ ਨੰਦਾ, ਅਸ਼ਵਨੀ ਸਹਿਗਲ , ਅਸ਼ੋਕ ਸਿੱਕਾ , ਰਤਨ ਭਾਰਤੀ ,ਸੰਜੀਵ ਸਿੰਘ , ਸੁਧੀਰ ਭਸੀਨ ,ਤਰਲੋਕ ਗੌਤਮ, ਕੁਨਾਲ ਸਲੂਜਾ ,ਹਰਜਿੰਦਰ ਸਿੰਘ ,ਕਰਨਦੀਪ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਭੁਪਿੰਦਰ ਚਾਵਲਾ ਅਸ਼ੋਕ ਵਰਮਾ , ਵੀ. ਐਨ. ਧਵਨ ਸਵਤੰਤਰ ਚਾਵਲਾ, ਭੁਪਿੰਦਰ ਕਪੂਰ, ਰਾਕੇਸ਼ ਥਾਪਰ, ਕਰਨਲ ਜੁਗਿੰਦਰ ਸਿੰਘ ਧਾਰੀਵਾਲ, ਮਲੂਕ ਸਿੰਘ, ਹਰੀ ਸਿੰਘ, ਸੁਰਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਚਰਨ ਸਿੰਘ, ਪਰਮਿੰਦਰ ਸਿੰਘ, ਸਤਪਾਲ ਤੁਲੀ , ਸੁਰਿੰਦਰ ਸਿੰਘ ਸਿੱਧੂ ਅਤੇ ਹੋਰ ਇਲਾਕਾ ਨਿਵਾਸੀ ਮੌਜੂਦ ਸਨ। ਉੱਧਰ ਜੋਤੀ ਨਗਰ ਦੇ ਆਸਪਾਸ ਦੇ ਇਲਾਕੇ ਦੇ ਲੋਕਾਂ ਵਲੋਂ ਜੋਤੀ ਨਗਰ ਦੇ ਡੰਪ ਨੂੰ ਪੱਕੇ ਤੌਰ 'ਤੇ ਬੰਦ ਕਰਨ ਲਈ ਅੱਜ ਸ਼ਾਂਤਮਈ ਪ੍ਰਦਰਸ਼ਨ ਕੀਤਾ ਜਾਵੇਗਾ।

**ਅੱਜ ਜੋਤੀ ਨਗਰ ਡੰਪ ਨੂੰ ਵੀ ਬੰਦ ਕਰਨ ਲਈ ਲੱਗੇਗਾ ਸ਼ਾਂਤਮਈ ਲੱਗੇਗਾ ਧਰਨਾ**

# ਗੁਰਦੁਆਰਾ ਛੇਵੀਂ ਪਾਤਿਸ਼ਾਹੀ ਦੀ ਰਹਿਨੁਮਾਈ 'ਚ ਨਿਭਾਈਆਂ ਜਾ ਰਹੀਆਂ ਸੇਵਾਵਾਂ 'ਚ ਵਾਧਾ

## ਸਰਬਜੀਤ ਸਿੰਘ ਮੱਕੜ ਵਲੋਂ ਸਿਲਾਈ ਸੈਂਟਰ ਦਾ ਉਦਘਾਟਨ

ਜਲੰਧਰ, 8 ਦਸੰਬਰ (ਹਰਵਿੰਦਰ ਸਿੰਘ ਫੁੱਲ)-ਇਤਿਹਾਸਕ ਅਸਥਾਨ ਗੁਰਦੁਆਰਾ ਛੇਵੀਂ ਪਾਤਸ਼ਾਹੀ ਬਸਤੀ ਸ਼ੇਖ਼ ਜਲੰਧਰ ਵਿਖੇ ਅੱਜ ਹੋਏ ਇੱਕ ਗੁਰਮਤਿ ਸਮਾਗਮ ਦੌਰਾਨ ਗੁਰਦੁਆਰਾ ਸਾਹਿਬ ਦੀ ਰਹਿਨੁਮਾਈ 'ਚ ਨਿਭਾਈਆਂ ਜਾ ਰਹੀਆਂ ਸੇਵਾਵਾਂ 'ਚ ਵਾਧਾ ਕਰਦੇ ਹੋਏ ਮਾਤਾ ਗੁਜਰੀ ਸਿਲਾਈ ਸੈਂਟਰ ਦੀ ਸਥਾਪਨਾ ਕੀਤੀ ਗਈ। ਅੰਮ੍ਰਿਤ ਵੇਲੇ ਤੋਂ ਮੁੱਖ ਦੀਵਾਨ ਹਾਲ ਵਿਖੇ ਸਜਾਏ ਗਏ ਦੀਵਾਨ ਵਿਚ ਕੀਰਤਨ ਅਤੇ ਕਥਾ ਵਿਚਾਰਾਂ ਉਪਰੰਤ ਚੱਲ ਰਹੀ ਸਹਿਜ ਪਾਠਾਂ ਦੀ ਲੜੀ ਭੋਗ ਪਾਏ ਗਏ, ਉਪਰੰਤ ਸਰਬਜੀਤ ਸਿੰਘ ਮੱਕੜ (ਸਾਬਕਾ ਵਿਧਾਇਕ) ਵਲੋਂ ਮਾਤਾ ਗੁਜਰੀ ਜੀ ਦੇ 400 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਨਵੀਂ ਉਸਾਰੀ ਗਈ ਇਮਾਰਤ ਵਿਖੇ ਗਏ ਸਿਲਾਈ ਸੈਂਟਰ ਦਾ ਉਦਘਾਟਨ ਕੀਤਾ ਗਿਆ। ਜਿਸ ਵਿਚ ਲੋੜਵੰਦ ਬੀਬੀਆਂ, ਭੈਣਾਂ ਲਈ ਸਿਲਾਈ ਦੀ ਟਰੇਨਿੰਗ ਦਿੱਤੀ ਜਾਵੇਗੀ। ਇਸ ਮੌਕੇ ਸਰਬਜੀਤ ਸਿੰਘ ਮੱਕੜ ਨੇ ਕਿਹਾ ਕਿ ਸਿਲਾਈ ਸੈਂਟਰ ਦੇ ਉੱਦਮ ਲਈ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਸਮਾਜ ਦੀ ਭਲਾਈ ਵਾਸਤੇ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਚੇਅਰਮੈਨ ਦਵਿੰਦਰ ਸਿੰਘ ਰਹੇਜਾ ਅਤੇ ਸਕੱਤਰ ਇੰਦਰਪਾਲ ਸਿੰਘ ਦੀ ਦੇਖ ਰੇਖ 'ਚ ਸ਼ੁਰੂ ਕੀਤੇ ਸਿਲਾਈ ਸੈਂਟਰ ਲਈ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਗੁਰਕਿਰਪਾਲ ਸਿੰਘ ਅਤੇ ਸਮੁੱਚੀ ਪ੍ਰਬੰਧਕੀ ਟੀਮ ਵਧਾਈ ਦੀ ਪਾਤਰ ਹੈ। ਇਸ ਮੌਕੇ ਬੇਅੰਤ ਸਿੰਘ ਸਰਹੱਦੀ, ਪ੍ਰਧਾਨ ਗੁਰਕਿਰਪਾਲ ਸਿੰਘ, ਕੌਰ ਕਮੇਟੀ ਦੇ ਚੇਅਰਮੈਨ ਹਰਜੀਤ ਸਿੰਘ ਕਾਲੜਾ ਐਡਵੋਕੇਟ ਅਤੇ ਸਕੱਤਰ ਇੰਦਰਪਾਲ ਸਿੰਘ ਨੇ ਵੀ ਵਧਾਈ ਦਿੱਤੀ ਅਤੇ ਆਪਣੇ ਵਿਚਾਰ ਸੰਗਤ ਨਾਲ ਸਾਂਝੇ ਕੀਤੇ। ਇਸ ਵਿਸ਼ੇਸ਼ ਮੌਕੇ ਸੀਨੀਅਰ ਮੀਤ ਪ੍ਰਧਾਨ ਅਮਰੀਕ ਸਿੰਘ, ਚਰਨਜੀਤ ਸਿੰਘ ਸਰਾਫ਼, ਜਗਜੀਤ ਸਿੰਘ ਖ਼ਜ਼ਾਨਚੀ, ਤਰਲੋਚਨ ਸਿੰਘ ਭਾਟੀਆ (ਦੁਬਈ ਵਾਲੇ), ਗੁਰਜੀਤ ਸਿੰਘ ਪੋਪਲੀ, ਗੁਰਦੀਪ ਸਿੰਘ ਬਵੇਜਾ, ਬਿਸ਼ਨ ਸਿੰਘ, ਜਸਬੀਰ ਸਿੰਘ ਸੇਠੀ, ਇਸਤਰੀ ਸਤਿਸੰਗ ਸਭਾ ਵਲੋਂ ਪ੍ਰਧਾਨ ਬੀਬੀ ਮਹਿੰਦਰ ਕੌਰ ਕਾਲੜਾ, ਮਹਿੰਦਰ ਕੌਰ ਰਹੇਜਾ ਅਤੇ ਸਮੂਹ ਇਸਤਰੀ ਸਤਿਸੰਗ ਸਭਾ ਦੀਆਂ ਪ੍ਰਬੰਧਕ ਬੀਬੀਆਂ ਆਦਿ ਪਤਵੰਤੇ ਹਾਜ਼ਰ ਸਨ।



ਸਿਲਾਈ ਸੈਂਟਰ ਦਾ ਉਦਘਾਟਨ ਕਰਦੇ ਹੋਏ ਸਰਬਜੀਤ ਸਿੰਘ ਮੱਕੜ (ਸਾਬਕਾ ਵਿਧਾਇਕ) ਨਾਲ ਹਨ ਪ੍ਰਧਾਨ ਗੁਰਕਿਰਪਾਲ ਸਿੰਘ, ਦਵਿੰਦਰ ਸਿੰਘ ਰਹੇਜਾ, ਤਰਲੋਚਨ ਸਿੰਘ, ਇੰਦਰਪਾਲ ਸਿੰਘ, ਬੇਅੰਤ ਸਿੰਘ ਸਰਹੱਦੀ, ਹਰਜੀਤ ਸਿੰਘ ਕਾਲੜਾ (ਐਡਵੋਕੇਟ) ਤੇ ਹੋਰ। ਤਸਵੀਰ ਜੀ.ਪੀ.ਸਿੰਘ

## ਜਨਮ ਦਿਨ ਮੁਬਾਰਕ



ਫ਼ਤਹਿ ਸਿੰਘ
ਪਿਤਾ : ਭਗਵੰਤ ਸਿੰਘ, ਮਾਤਾ : ਸੰਗੀਤਾ ਦੇਵੀ
ਵਾਸੀ : ਜਲੰਧਰ



ਉਜਸਵੀ ਕਾਜਲਾ
ਪਿਤਾ : ਵਿਕਾਸ ਕਾਜਲਾ, ਮਾਤਾ : ਮੰਜੂ ਕਾਜਲਾ
ਵਾਸੀ : ਕ੍ਰਿਸ਼ਨ ਨਗਰ, ਰੂਪਨਗਰ

## ਵਰ੍ਹੇਗੰਢ ਮਨਾਈ



ਸਾਬਕਾ ਸਰਪੰਚ ਰਾਜੇਸ਼ ਕੁਮਾਰ ਅਤੇ ਸਰਪੰਚ ਸ੍ਰੀਮਤੀ ਕੁਲਦੀਪ ਕੌਰ ਵਾਸੀ ਸਰਮਸਤਪੁਰ ਜਲੰਧਰ ਨੇ ਆਪਣੇ ਵਿਆਹ ਦੀ 23ਵੀਂ ਵਰ੍ਹੇਗੰਢ ਮਨਾਈ।



ਹਰਜੀਤ ਸਿੰਘ ਅਤੇ ਰਣਜੀਤ ਕੌਰ ਵਾਸੀ ਪੁਰਾਣੀ ਗਲੀ ਸ਼ਾਹਕੋਟ ਨੇ ਆਪਣੇ ਵਿਆਹ ਦੀ 21ਵੀਂ ਵਰ੍ਹੇਗੰਢ ਮਨਾਈ।

# ਵਾਰਡ ਨੰ : 20 ਤੋਂ ਭਾਜਪਾ ਆਗੂ ਹਰਜੀਤ ਸਿੰਘ ਚੱਠਾ ਵਲੋਂ ਚੋਣ ਪ੍ਰਚਾਰ ਆਰੰਭ

ਚੁਗਿੱਟੀ/ਜੰਡੂ ਸਿੰਘਾ, 8 ਦਸੰਬਰ (ਨਰਿੰਦਰ ਲਾਗੂ)-ਜਲੰਧਰ ਕੇਂਦਰੀ ਹਲਕੇ ਅਧੀਨ ਆਉਂਦੇ ਪਿੰਡ ਚੁਗਿੱਟੀ ਤੇ ਆਸ-ਪਾਸ ਦੇ ਮੁਹੱਲਿਆਂ ਵਿਚੋਂ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕਰਦੇ ਰਹੇ ਸਵ: ਕੌਂਸਲਰ ਮਨਜਿੰਦਰ ਸਿੰਘ ਚੱਠਾ ਦੇ ਛੋਟੇ ਭਰਾ ਹਰਜੀਤ ਸਿੰਘ ਚੱਠਾ (ਲੰਬੜ) ਨੂੰ ਭਾਜਪਾ ਵਲੋਂ ਵਾਰਡ ਨੰਬਰ 20 ਤੋਂ ਉਮੀਦਵਾਰ ਬਣਾਏ ਜਾਣ ਦੀ ਗੱਲ ਨੂੰ ਸਾਹਮਣੇ ਰੱਖ ਕੇ ਲੋਕਾਂ ਵਲੋਂ ਹਰਜੀਤ ਨੂੰ ਵੱਧ ਤੋਂ ਵੱਧ ਵੋਟਾਂ ਪਾਕੇ ਕਾਮਯਾਬ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਹੱਲਾਸ਼ੇਰੀ ਨੂੰ ਦੇਖਦੇ ਹੋਏ ਉਨ੍ਹਾਂ ਵੱਲੋਂ ਵੀ ਉਕਤ ਵਾਰਡ ਦੇ ਵਸਨੀਕਾਂ ਨਾਲ ਰਾਬਤਾ ਕਾਇਮ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਮੌਕੇ ਉਨ੍ਹਾਂ ਦੇ ਹੱਕ ਵਿਚ ਚੋਣ ਪ੍ਰਚਾਰ ਕਰਨ ਵਾਲਿਆਂ 'ਚ ਮਨਸਮਿੰਦਰ ਸਿੰਘ, ਪਰਮਜੀਤ ਸਿੰਘ ਬੱਬੀ ਚੱਠਾ, ਅਸ਼ੋਕ ਪ੍ਰਧਾਨ, ਗਿਆਨ ਚੰਦ, ਸੁਭਾਸ਼ ਦੂਬੇ, ਪੱਪੂ, ਪ੍ਰਭਜੋਤ ਸਿੰਘ ਚੱਠਾ, ਸਰਵਨ ਕੁਮਾਰ, ਸੋਨੂੰ, ਮੋਹਨ ਸਿੰਘ, ਤੇ ਸੁਰਿੰਦਰ ਕੁਮਾਰ ਸਮੇਤ ਵੱਡੀ ਗਿਣਤੀ ਵਿਚ ਹੋਰ ਸਮਰਥਕ ਹਾਜ਼ਰ ਸਨ।



ਵਾਰਡ ਨੰ:20 ਦੇ ਮੁਹੱਲਾ ਏਕਤਾ ਨਗਰ ਵਿਖੇ ਚੋਣ ਪ੍ਰਚਾਰ ਕਰਨ ਦੌਰਾਨ ਆਪਣੇ ਸਹਿਯੋਗੀਆਂ ਨਾਲ ਭਾਜਪਾ ਆਗੂ ਹਰਜੀਤ ਸਿੰਘ ਚੱਠਾ (ਲੰਬੜ), ਮਨਸਮਿੰਦਰ ਸਿੰਘ ਚੱਠਾ ਤੇ ਹੋਰ ਵਰਕਰ।



ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ ਦੀ ਮੀਟਿੰਗ ਵਿਚ ਸ਼ਾਮਿਲ ਵੱਖ ਵੱਖ ਜਥੇਬੰਦੀਆਂ ਦੇ ਆਗੂ। ਅਜੀਤ ਤਸਵੀਰ

# ਸਬ ਸਟੇਸ਼ਨ ਸਟਾਫ ਵੈੱਲਫੇਅਰ ਐਸੋਸੀਏਸ਼ਨ ਦੇ ਕਈ ਸੂਬਾਈ ਆਗੂ ਸਾਥੀਆਂ ਸਮੇਤ ਗਰਿਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ 'ਚ ਸ਼ਾਮਿਲ

ਜਲੰਧਰ, 8 ਦਸੰਬਰ (ਹਰਵਿੰਦਰ ਸਿੰਘ ਫੁੱਲ)- ਗਰਿੱਡ ਸਬ ਸਟੇਸ਼ਨ ਇੰਪਲਾਈਜ਼: ਯੂਨੀਅਨ ਨੂੰ ਉਸ ਸਮੇਂ ਹੋਰ ਬਲ ਮਿਲਿਆ ਜਦੋਂ ਸਬ ਸਟੇਸ਼ਨ ਸਟਾਫ਼ ਵੈੱਲਫੇਅਰ ਐਸੋਸੀਏਸ਼ਨ ਦੇ ਸੂਬਾਈ ਜ਼ੋਨ, ਸਰਕਲ ਅਤੇ ਡਵੀਜ਼ਨ ਕਮੇਟੀਆਂ ਦੇ ਆਗੂ ਸਾਥੀਆਂ ਸਮੇਤ ਮਨਜੀਤ ਸਿੰਘ ਦੀ ਅਗਵਾਈ 'ਚ ਐਸੋਸੀਏਸ਼ਨ ਨੂੰ ਅਲਵਿਦਾ ਆਖ ਕੇ ਯੂਨੀਅਨ ਵਿਚ ਸ਼ਾਮਲ ਹੋ ਗਏ। ਪ੍ਰੈੱਸ ਨੂੰ ਜਾਰੀ ਬਿਆਨ 'ਚ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਰਾਜ ਕੁਮਾਰ ਫਗਵਾੜਾ ਨੇ ਦੱਸਿਆ ਕਿ ਸ਼ਾਮਲ ਆਗੂਆਂ 'ਚ ਅਜੀਤ ਸਿੰਘ, ਨਛੱਤਰ ਸਿੰਘ, ਕੁਲਦੀਪ ਸਿੰਘ, ਸੁਖਦੇਵ ਸਿੰਘ, ਸਿਮਰਨਜੀਤ ਸਿੰਘ, ਵਿਨੋਦ ਚੌਹਾਨ, ਅਰੁਣ ਜੁਲਕਾ, ਨਿਤਿਨ ਕੁਮਾਰ, ਜਸਵਿੰਦਰ ਸਿੰਘ, ਗੁਰਪਾਲ ਸਿੰਘ, ਸੁਖਵਿੰਦਰ ਸਿੰਘ ਭੰਮਰਾ ਤੇ ਉਨ੍ਹਾਂ ਦਾ ਸਾਥੀ ਪ੍ਰਮੁੱਖ ਸਨ। ਸ਼ਾਮਲ ਆਗੂਆਂ ਦਾ ਸੂਬਾ ਸਰਪ੍ਰਸਤ ਹਰਦੇਵ ਸਿੰਘ ਵਲੋਂ ਸਵਾਗਤ ਕੀਤਾ ਗਿਆ ਅਤੇ ਸੂਬਾ ਪ੍ਰਧਾਨ ਜਸਵੀਰ ਸਿੰਘ ਜਰਨਲ ਸਕੱਤਰ ਸੁਖਵਿੰਦਰ ਭਗਤ ਵਲੋਂ ਸਬ ਸਟੇਸ਼ਨ ਸਟਾਫ਼ ਦੀ ਭਲਾਈ ਲਈ ਇਸ ਕਦਮ ਦੀ ਸ਼ਲਾਘਾ ਕੀਤੀ ਅਤੇ ਜਥੇਬੰਦੀ ਦੀ ਅਗਵਾਈ ਵਿਚ ਦਿਨ ਬ ਦਿਨ ਜੁੜ ਰਹੀ ਮੈਂਬਰਸ਼ਿਪ ਨੂੰ ਵਿਸ਼ਵਾਸ ਦਵਾਇਆ ਕਿ ਜਥੇਬੰਦੀ ਪਾਵਰ ਕਾਮ ਅਤੇ ਟਰਾਂਸਕੋ ਸਬ ਸਟੇਸ਼ਨ ਸਟਾਫ਼ ਦੇ ਹਰ ਕੇਡਰ ਦੀਆਂ ਰਹਿੰਦੀਆਂ ਸਾਰੀਆਂ ਮੰਗਾ ਮੰਨਵਾਉਣ ਲਈ ਹਰ ਸੰਭਵ ਯਤਨ ਕਰੇਗੀ. ਇਸ ਮੌਕੇ ਅਵਤਾਰ ਸਿੰਘ ਬਰਾੜ, ਬਲਵਿੰਦਰ ਭਗਤ ਪਠਾਨਕੋਟ, ਅਰਸਵੀਰ ਸਿੰਘ ਢਿੱਲੋਂ,. ਨਾਥ ਪਟਿਆਲਾ, ਬਲਦੇਵ ਸਿੰਘ ਪਸਿਆਣਾ, ਬਲਰਾਜ ਸਿੰਘ, ਹਰਭਜਨ ਸਿੰਘ ਸੈਣੀ, ਮੁਨੀਸ਼ ਬੱਗਾ, ਜੁਗਿੰਦਰ ਪਾਲ, ਰਾਜੀਵ ਕੁਮਾਰ ਅਤੇ ਹੋਰ ਆਗੂ ਹਾਜ਼ਰ ਸਨ। ਸਟੇਜ ਦੀ ਕਾਰਵਾਈ ਸੁਖਵਿੰਦਰ ਸਿੰਘ ਭੰਮਰਾ ਵੱਲੋਂ ਨਿਭਾਈ ਗਈ।

# 65ਵੀਂ ਪੰਜਾਬ ਓਪਨ ਸਟੇਟ ਟੇਬਲ ਟੈਨਿਸ ਚੈਪੀਅਨਸ਼ਿਪ

## ਅੰਮ੍ਰਿਤਸਰ ਨੇ ਸਾਤਵਿਕ ਨੇ ਪਹਿਲਾ ਸਥਾਨ ਹਾਸਲ ਕੀਤਾ

ਜਲੰਧਰ, 8 ਦਸੰਬਰ (ਡਾ.ਜਤਿੰਦਰ ਸਾਬੀ)- 65ਵੀਂ ਪੰਜਾਬ ਓਪਨ ਸਟੇਟ ਟੇਬਲ ਟੈਨਿਸ ਚੈਪੀਅਨਸ਼ਿਪ ਜੋ ਕਾਰਪੋਰੇਸ਼ਨ ਹਾਲ ਜਲੰਧਰ ਵਿਖੇ ਕਰਵਾਈ ਜਾ ਰਹੀ ਹੈ। ਇਸ ਚੈਪੀਅਨਸ਼ਿਪ ਦੇ ਖੇਡ ਨਤੀਜਿਆ ਸਬੰਧੀ ਜਾਣਕਾਰੀ ਦਿੰਦੇ ਹੋਏ ਸੀ.ਈ.ਓ ਪੰਕਜ ਸ਼ਰਮਾਂ ਨੇ ਦੱਸਿਆ ਕਿ ਅੰਡਰ 11 ਸਾਲ ਲੜਕੇ ਵਿਅਕਤੀਗਤ ਵਰਗ ਦੇ ਵਿਚੋਂ ਸਾਤਵਿਕ ਅੰਮ੍ਰਿਤਸਰ ਨੇ ਪਹਿਲਾ, ਧਾਰੀਆ ਅੰਮ੍ਰਿਤਸਰ ਨੇ ਦੂਜਾ ਤੇ ਫਤਿਹਬੀਰ ਸਿੰਘ ਅੰਮ੍ਰਿਤਸਰ ਨੇ ਤੀਜਾ। ਲੜਕੀਆਂ ਅੰਡਰ 14 ਸਾਲ ਟੀਮ ਵਰਗ 'ਚੋਂ ਅੰਮ੍ਰਿਤਸਰ ਨੇ ਪਹਿਲਾ, ਫਿਰੋਜਪੁਰ ਨੇ ਦੂਜਾ, ਪਟਿਆਲਾ ਨੇ ਤੀਜਾ ਤੇ ਲੁਧਿਆਣਾ ਨੇ ਚੌਥਾ। ਅੰਡਰ17 ਸਾਲ ਲੜਕੇ ਵਿਆਗਤੀਗਤ ਵਰਗ 'ਚੋਂ ਆਰੀਅਨ ਸੱਚਦੇਵਾ ਲੁਧਿਆਣਾ ਨੇ ਪਹਿਲਾ, ਰਾਘਵ ਭਨੋਟ ਲੁਧਿਆਣਾ ਨੇ ਦੂਜਾ, ਫਾਗੂਨ ਭੰਡਾਰੀ ਜਲੰਧਰ ਨੇ ਤੀਜਾ ਤੇ ਲਕਸ਼ੇ ਮਹਾਜਨ ਜਲੰਧਰ ਨੇ ਚੌਥਾ ਸਥਾਨ ਹਾਸਲ ਕੀਤਾ।



ਸਾਤਵਿਕ ਮੈਚ ਖੇਡਦਾ ਹੋਇਆ। ਤਸਵੀਰ:-ਜੀ.ਪੀ.ਸਿੰਘ

# 'ਆਪ' ਦੀ ਆਗੂ ਬੀਬੀ ਸੁਰਿੰਦਰ ਕੌਰ ਵਲੋਂ ਵਾਰਡ ਨੰ:7 ਦੇ ਵਸਨੀਕਾਂ ਨਾਲ ਬੈਠਕਾਂ ਦਾ ਸਿਲਸਿਲਾ ਸ਼ੁਰੂ

ਚੁਗਿੱਟੀ/ਜੰਡੂ ਸਿੰਘਾ, 8 ਦਸੰਬਰ (ਨਰਿੰਦਰ ਲਾਗੂ)- ਆਉਂਦੇ ਕੁਝ ਦਿਨਾਂ ਤੱਕ ਹੋਣ ਜਾ ਰਹੀਆਂ ਨਗਰ ਨਿਗਮ ਜਲੰਧਰ ਦੀਆਂ ਚੋਣਾਂ ਦੇ ਮੱਦੇ ਨਜ਼ਰ ਵਾਰਡ ਨੰ: 7 ਤੋਂ ਆਮ ਆਦਮੀ ਪਾਰਟੀ ਦੀ ਸੰਭਾਵੀ ਉਮੀਦਵਾਰ ਬੀਬੀ ਸੁਰਿੰਦਰ ਕੌਰ ਵਲੋਂ ਉਕਤ ਵਾਰਡ ਦੇ ਲੋਕਾਂ ਨਾਲ ਬੈਠਕਾਂ ਕਰਨ ਦਾ ਸਿਲਸਿਲਾ ਪ੍ਰਭਾਵਸ਼ਾਲੀ ਢੰਗ ਨਾਲ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਮੌਕੇ ਖੇਤਰ ਵਸਨੀਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਵਾਰਡ 'ਚ ਰਹਿੰਦੇ ਸਾਰੇ ਵਰਗਾਂ ਦੇ ਲੋਕ ਉਸ ਦੇ ਪਰਿਵਾਰ ਦੇ ਜੀਅ ਹਨ ਜਿਨ੍ਹਾਂ ਦੀਆਂ ਤਮਾਮ ਲੋੜਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਵੱਲੋਂ ਪਹਿਲਾਂ ਵੀ ਕੰਮ ਕੀਤੇ ਗਏ ਹਨ ਤੇ ਆਉਣ ਵਾਲੇ ਸਮੇਂ ਵਿੱਚ ਉਹ ਹਲਕਾ ਵਿਧਾਇਕ ਰਮਨ ਅਰੋੜਾ ਦੇ ਸਹਿਯੋਗ ਨਾਲ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹਿਣਗੇ। ਇਸ ਮੌਕੇ ਉਨ੍ਹਾਂ ਦੇ ਸਪੁੱਤਰ ਸਰਗਰਮ ਆਗੂ ਪ੍ਰਵੀਨ ਪਹਿਲਵਾਨ ਵਲੋਂ ਵੀ ਇਕੱਠ ਨੂੰ ਸੰਬੋਧਨ ਕਰਦਿਆਂ ਵਾਅਦਿਆਂ ਨੂੰ ਪੂਰਾ ਕਰਨ ਦਾ ਭਰੋਸਾ ਦਿਵਾਇਆ ਗਿਆ। ਇਸ ਮੌਕੇ ਤਰਲੋਕ ਚੰਦ, ਬਲਵੀਰ ਸਿੰਘ, ਕੁਲਦੀਪ ਚੰਦ, ਗੁਰਬਖ਼ਸ਼ ਕੌਰ, ਗਿਆਨ ਕੌਰ,ਸੀਤਾ ਦੇਵੀ, ਮਿੰਟੂ ਦੁੱਗਲ, ਡਾਕਟਰ ਰਾਜ, ਸੁਸ਼ੀਲ ਕੁਮਾਰ, ਸੁਰਿੰਦਰ, ਬਲਵਿੰਦਰ, ਸੋਨੂੰ, ਸ਼ਿਵ ਕੁਮਾਰ ਆਦਿ ਹਾਜ਼ਰ ਸਨ।



ਵਾਰਡ ਨੰ: 7 ਵਿਖੇ ਚੋਣ ਪ੍ਰਚਾਰ ਕਰਨ ਦੌਰਾਨ ਆਮ ਆਦਮੀ ਪਾਰਟੀ ਦੀ ਆਗੂ ਬੀਬੀ ਸੁਰਿੰਦਰ ਕੌਰ, ਪ੍ਰਵੀਨ ਪਹਿਲਵਾਨ ਤੇ ਉਨ੍ਹਾਂ ਦੇ ਹਮਾਇਤੀ।





'ਮਿਲਣੀ ਸਮਾਗਮ' ਦੌਰਾਨ ਹਾਜ਼ਰ ਸੇਵਾਮੁਕਤ ਆਯੁਰਵੈਦਿਕ ਅਧਿਕਾਰੀ। ਤਸਵੀਰ : ਜੀ.ਪੀ. ਸਿੰਘ

# ਨਿਗਮ ਚੋਣਾਂ ਵਿਚ ਵੱਡੀ ਜਿੱਤ ਹਾਸਿਲ ਕਰਕੇ ਆਪਣੇ ਮੇਅਰ ਬਣਾਏਗੀ ਪਾਰਟੀ-ਸੁਸ਼ੀਲ ਸ਼ਰਮਾ

ਜਲੰਧਰ, 8 ਦਸੰਬਰ (ਸ਼ਿਵ) -ਭਾਰਤੀ ਜਨਤਾ ਪਾਰਟੀ ਜਲੰਧਰ ਸ਼ਹਿਰੀ ਕੋਰ ਕਮੇਟੀ ਦੀ ਅਹਿਮ ਮੀਟਿੰਗ ਭਾਜਪਾ ਦਫ਼ਤਰ ਸ਼ੀਤਲਾ ਮਾਤਾ ਵਿਖੇ ਹੋਈ। ਜਿਸ ਵਿਚ ਵਿਸ਼ੇਸ਼ ਤੌਰ 'ਤੇ ਭਾਜਪਾ ਦੇ ਸੂਬਾ ਸੰਗਠਨ ਮੰਤਰੀ ਸ੍ਰੀ ਸ਼੍ਰੀਨਿਵਾਸਲੂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸੁਸ਼ੀਲ ਸ਼ਰਮਾ, ਸਾਬਕਾ ਮੰਤਰੀ ਅਤੇ ਰਾਸ਼ਟਰੀ ਕਾਰਜਕਾਰਨੀ ਮੈਂਬਰ ਮਨੋਰੰਜਨ ਕਾਲੀਆ, ਸਾਬਕਾ ਸੰਸਦ ਮੈਂਬਰ ਸੁਸ਼ੀਲ ਰਿੰਕੂ, ਸਾਬਕਾ ਸੀਪੀਐਸ ਕੇ. ਡੀ. ਭੰਡਾਰੀ, ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ, ਸਾਬਕਾ ਵਿਧਾਇਕ ਸਰਬਜੀਤ ਸਿੰਘ ਮੱਕੜ, ਸਾਬਕਾ ਸੀਪੀਐਸ ਅਵਿਨਾਸ਼ ਚੰਦਰ, ਸੂਬਾ ਸਕੱਤਰ ਅਨਿਲ ਸੱਚਰ ਸਾਬਕਾ ਭਾਜਪਾ ਜ਼ਿਲ੍ਹਾ ਪ੍ਰਧਾਨ ਰਮਨ ਪੱਬੀ, ਜ਼ਿਲ੍ਹਾ ਜਨਰਲ ਸਕੱਤਰ ਰਾਜੇਸ਼ ਕਪੂਰ, ਅਸ਼ੋਕ ਸਰੀਨ ਹਿੱਕੀ ਅਤੇ ਅਮਰਜੀਤ ਸਿੰਘ ਗੋਲਡੀ ਆਦਿ ਹਾਜ਼ਰ ਸਨ। ਇਸ ਮੀਟਿੰਗ ਵਿਚ ਆਉਣ ਵਾਲੀਆਂ ਨਗਰ ਨਿਗਮ ਚੋਣਾਂ ਵਿਚ ਪਾਰਟੀ ਦੀ ਰਣਨੀਤੀ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਸੁਸ਼ੀਲ ਸ਼ਰਮਾ ਨੇ ਕਿਹਾ ਕਿ ਇਸ ਵਾਰ ਨਗਰ ਨਿਗਮ ਚੋਣਾਂ ਵਿਚ ਭਾਜਪਾ ਸਾਰੇ 85 ਵਾਰਡਾਂ ਤੋਂ ਚੋਣ ਲੜੇਗੀ ਅਤੇ ਜਿੱਤ ਪ੍ਰਾਪਤ ਕਰੇਗੀ। ਉਨ੍ਹਾਂ ਕਿਹਾ ਕਿ ਭਾਜਪਾ ਨਿਗਮ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਜਲੰਧਰ ਨਗਰ ਨਿਗਮ ਵਿਚ ਉਨ੍ਹਾਂ ਨੂੰ ਮੇਅਰ ਬਣਾ ਕੇ ਸ਼ਹਿਰ ਵਿਚ ਵਿਕਾਸ ਦੇ ਨਵੇਂ ਆਯਾਮ ਸਥਾਪਿਤ ਕਰੇਗੀ।

**ਕੋਰ ਕਮੇਟੀ ਵਿਚ ਨਿਗਮ ਚੋਣਾਂ ਬਾਰੇ ਕੀਤਾ ਲੰਬਾ ਮੰਥਨ**

# ਸੇਵਾਮੁਕਤ ਆਯੁਰਵੈਦਿਕ ਅਧਿਕਾਰੀਆਂ ਦਾ ਹੋਇਆ 'ਮਿਲਣੀ ਸਮਾਗਮ'

ਜਲੰਧਰ, 8 ਦਸੰਬਰ (ਐੱਮ. ਐੱਸ. ਲੋਹੀਆ) - ਪੰਜਾਬ ਸਰਕਾਰ ਦੇ ਆਯੂਰਵੈਦਿਕ ਵਿਭਾਗ 'ਚ ਆਯੂਰਵੈਦਿਕ ਅਤੇ ਯੂਨਾਨੀ ਅਧਿਕਾਰੀ ਦੇ ਰੂਪ 'ਚ ਜਲੰਧਰ ਵਿਖੇ ਸੇਵਾਵਾਂ ਦੇ ਚੁੱਕੇ ਸੇਵਾਮੁਕਤ ਅਧਿਕਾਰੀਆਂ ਦਾ ਜਲੰਧਰ ਵਿਖੇ 'ਮਿਲਨੀ ਸਮਾਗਮ' ਹੋਇਆ, ਜਿਸ 'ਚ ਜਲੰਧਰ ਤੋਂ ਇਲਾਵਾ ਚੰਡੀਗੜ੍ਹ, ਲੁਧਿਆਣਾ, ਫਗਵਾੜਾ ਅਤੇ ਫਿਲੌਰ ਤੋਂ ਪਹੁੰਚੇ ਡਾਕਟਰਾਂ ਨੇ ਭਾਗ ਲਿਆ। ਡਾ. ਸੁਭਾਸ਼ ਗੁਪਤਾ ਦੇ ਉਪਰਾਲੇ ਸਦਕਾ ਕਰਵਾਏ ਇਸ 'ਮਿਲਨੀ ਸਮਾਗਮ' 'ਚ ਪਹੁੰਚੇ ਡਾਕਟਰਾਂ ਨੇ ਆਪਣੇ ਪੁਰਾਣੇ ਸਮੇਂ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ ਅਤੇ ਇਕ ਦੂਸਰੇ ਨਾਲ ਆਪਣੀ ਚੱਲ ਰਹੀ ਸੇਵਾ ਮੁਕਤ ਜ਼ਿੰਦਗੀ ਦੇ ਤਜੁਰਬੇ ਸਾਂਝੇ ਕੀਤੇ। ਇਸ ਮੌਕੇ ਪੁਰਾਣੇ ਸਾਥੀਆਂ ਨੂੰ ਮਿਲਣ ਦੀ ਖੁਸ਼ੀ ਨੂੰ ਇਕ ਦੂਸਰੇ ਨਾਲ ਸਾਂਝਾ ਕੀਤਾ ਗਿਆ ਅਤੇ ਜਲਦ ਹੀ ਫਿਰ ਤੋਂ ਮਿਲਣ ਦੀ ਆਸ ਪ੍ਰਗਟਾਈ ਗਈ। ਸਮਾਗਮ ਦੌਰਾਨ ਡਾ. ਜਵਾਹਰ ਧੀਰ, ਡਾ. ਕੇਵਲ ਕ੍ਰਿਸ਼ਨ ਸ਼ਰਮਾ, ਡਾ. ਮਦਨ ਲਾਲ ਯਾਦਵ, ਡਾ. ਗੁਰਚਰਨ ਸਿੰਘ ਬਰਾੜ, ਡਾ. ਜਗਜੀਤ ਸਿੰਘ, ਡਾ. ਕਰਨ ਪੁਰੀ, ਡਾ. ਬੀ.ਡੀ. ਸ਼ਰਮਾ, ਡਾ. ਰਜਿੰਦਰ ਕੁਮਾਰ, ਡਾ. ਮੁਖਤਿਆਰ ਸਿੰਘ, ਡਾ. ਅਸ਼ਵਨੀ ਸੌਂਧੀ, ਡਾ. ਜੁਗਿੰਦਰ ਪਾਲ ਅਤੇ ਹੋਰ ਹਾਜ਼ਰ ਸਨ।

# ਡਾ. ਬੀ.ਆਰ. ਅੰਬੇਡਕਰ ਦੇ ਪ੍ਰੀ ਨਿਰਵਾਣ ਦਿਵਸ ਨੂੰ ਸਮਰਪਿਤ ਲਗਾਏ ਮੁਫ਼ਤ ਮੈਡੀਕਲ ਕੈਂਪ ਦਾ ਮਹਿੰਦਰ ਭਗਤ ਵਲੋਂ ਉਦਘਾਟਨ

ਜਲੰਧਰ, 8 ਦਸੰਬਰ (ਸ਼ਿਵ)-ਡਾ. ਬੀ.ਆਰ. ਅੰਬੇਡਕਰ ਜੀ ਦੇ ਪ੍ਰੀ ਨਿਰਵਾਣ ਦਿਵਸ ਨੂੰ ਸਮਰਪਿਤ ਕਬੀਰ ਚੈਰੀਟੇਬਲ ਹਸਪਤਾਲ ਵਲੋਂ ਅਜੈ ਯਾਦਵ ਫਾਊਂਡਰ ਅਮਲ ਅਤੇ ਡਾ. ਸਲੀਮ (ਸਤਿਗੁਰੂ ਰਹਿਮਤ ਚੈਰੀਟੇਬਲ ਸੁਸਾਇਟੀ) ਦੇ ਸਹਿਯੋਗ ਨਾਲ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਪੰਜਾਬ ਦੇ ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਕੀਤਾ।। ਇਸ ਮੌਕੇ ਮਹਿੰਦਰ ਭਗਤ ਨੇ ਕਿਹਾ ਕਿ ਡਾ. ਭੀਮ ਰਾਓ ਅੰਬੇਡਕਰ ਵੱਲੋਂ ਲੰਬੇ ਸੰਘਰਸ਼ ਤੋਂ ਬਾਅਦ ਸਾਨੂੰ ਵੋਟ ਦਾ ਅਧਿਕਾਰ ਦਿਵਾਇਆ ਗਿਆ ਹੈ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।। ਸੁਸਾਇਟੀ ਮੈਂਬਰਾਂ ਵੱਲੋਂ ਕੈਬਨਿਟ ਮੰਤਰੀ ਮਹਿੰਦਰ ਭਗਤ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਹਰਚਰਨ ਸਿੰਘ ਸੰਧੂ, ਦੀਪਕ ਸੰਧੂ, ਬਲਬੀਰ ਸਿੰਘ, ਨਰਿੰਦਰ ਸਿੰਘ, ਸੂਰਜ ਗਿੱਲ, ਵਿਰੇਸ਼ ਅਜੈ ਭੀਲ ਆਦਿ ਹਾਜ਼ਰ ਸਨ।



ਕੈਂਪ ਦਾ ਉਦਘਾਟਨ ਕਰਦੇ ਹੋਏ ਮਹਿੰਦਰ ਭਗਤ ਤੇ ਨਾਲ ਹੋਰ। ਤਸਵੀਰ: ਜੀ. ਪੀ. ਸਿੰਘ





ਪੰਜਾਬ ਬਾਕਸਿੰਗ ਚੈਂਪੀਅਨਸ਼ਿਪ ਦੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ। ਤਸਵੀਰ:-ਜੀ.ਪੀ.ਸਿੰਘ।

# ਪੰਜਾਬ ਬਾਕਸਿੰਗ ਚੈਂਪੀਅਨਸ਼ਿਪ ਜਲੰਧਰ ਵਿਖੇ 13 ਤੋਂ

ਜਲੰਧਰ, 8 ਦਸੰਬਰ (ਡਾ.ਜਤਿੰਦਰ ਸਾਬੀ) ਬਾਕਸਿੰਗ ਐਸੋਸੀਏਸ਼ਨ ਆਫ ਜਲੰਧਰ ਵੱਲੋਂ 13 ਤੋਂ 15 ਦਸੰਬਰ ਤੱਕ ਸਪੋਰਟਸ ਕਾਲਜ ਜਲੰਧਰ ਵਿਖੇ 8ਵੀਂ ਈਲੀਟ (ਮਰਦਾਂ) ਦੀ ਪੰਜਾਬ ਬਾਕਸਿੰਗ ਚੈਪੀਅਨਸ਼ਿਪ 2024 ਕਰਵਾਈ ਜਾ ਰਹੀ ਹੈ। ਇਸ ਚੈਪੀਅਨਸ਼ਿਪ 'ਚ ਪੰਜਾਬ ਭਰ ਤੋਂ 300 ਦੇ ਕਰੀਬ ਮੁੱਕੇਬਾਜ ਹਿੱਸਾ ਲੈ ਰਹੇ ਹਨ। ਇਹ ਜਾਣਕਾਰੀ ਕਪਿਲ ਮਹਿਤਾ, ਵਰਿੰਦਰ ਕੁਮਾਰ ਵੱਲੋਂ ਦਿੱਤੀ ਗਈ।

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੇ ਸ਼ਹੀਦੀ ਦਿਹਾੜੇ ਮੌਕੇ ਗੁਰਦੁਆਰਾ ਨੌਵੀਂ ਪਾਤਿਸ਼ਾਹੀ ਦੂਖ ਨਿਵਾਰਨ ਸਾਹਿਬ ਵਿਖੇ ਕਰਵਾਏ ਸਮਾਗਮ 'ਚ ਆਪਣੀ ਕਵਿਤਾ ਪੇਸ਼ ਕਰਦੇ ਹੋਏ ਮਨਤੇਸ਼ਵਰ ਸਿੰਘ ਰਹੇਜਾ। ਤਸਵੀਰ ਜੀ.ਪੀ,ਸਿੰਘ




# ਸਿਰਲੇਖਵਾਰ ਇਸ਼ਤਿਹਾਰ Classified Advertisement

**ਕੰਨਿਆ ਦੀ ਲੋੜ**
**Bride Wanted**

ਜੱਟ ਸਿੱਖ Govt. Job ਲੜਕਾ 1994/6' B.Sc 16 Acre's Land ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ। 85449-57192.
..........18w

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਕੱਦ 6'-1" ਲੜਕੇ ਲਈ ਪੜ੍ਹੀ-ਲਿਖੀ, ਸੋਹਣੀ-ਸੁਨੱਖੀ ਕੈਨੇਡੀਅਨ ਜਾਂ ਇੰਡੀਅਨ ਪਰਿਵਾਰਿਕ ਲੜਕੀ ਦੀ ਲੋੜ। ਲੜਕੇ ਦਾ ਪਰਿਵਾਰ ਕੈਨੇਡਾ ਵੈੱਲ ਸੈਟਲਡ। ਲੜਕਾ ਇੰਡੀਆ ਆਇਆ ਹੋਇਆ। ਬਾਇਓ ਡਾਟਾ Whatsapp 'ਤੇ ਭੇਜੋ 7986137214, 6280288170, 62802-22408
..........37w

ਜੱਟ ਸਿੱਖ ਗਿੱਲ 30/6'-0" ਆਸਟ੍ਰੇਲੀਆ PR ਲੜਕੇ ਲਈ ਪੜ੍ਹੀ-ਲਿਖੀ ਪਰਿਵਾਰਕ ਲੜਕੀ ਚਾਹੀਦੀ। ਬਿਊਰੋ ਮੁਆਫ। +61416340117 ਆਸਟ੍ਰੇਲੀਆ, +9198150-21756 ਵਟਸਐਪ, 76580-35239. ਇੰਡੀਆ।
..........22w

**ਵਰ ਦੀ ਲੋੜ**
**Groom Wanted**

ਖ਼ੂਬਸੂਰਤ ਜੱਟਸਿੱਖ ਕੈਨੇਡਾ ਪੀ ਆਰ ਲੜਕੀ 2001/5'-8" B.Sc, Nursing, RN, 18 Acre's land ਇਕਲੌਤੀ ਲੜਕੀ ਲਈ ਵਧੀਆ ਖਾਨਦਾਨ ਦੀ ਲੋੜ। 80541-80294.
..........20w

**ਵਰ ਦੀ ਲੋੜ**
**Groom Wanted**

ਜੱਟ ਸਿੱਖ ਲੜਕੀ 1999/5'-6" B.Sc Nursing ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 81949-49983.
..........15w

ਜੱਟ ਸਿੱਖ ਯੂ. ਕੇ. ਸਿਟੀਜ਼ਨ ਲੜਕੀ 2000/5'-7" B.Sc (Honours) Accountant ਲਈ ਵਧੀਆ ਪਰਿਵਾਰ ਦੀ ਲੋੜ। 98762-46527.
..........15w

ਜੱਟ ਸਿੱਖ ਕੈਨੇਡਾ ਪੀ ਆਰ ਲੜਕੀ 1994/5'-6" Degree in Account (Canada) ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 98783-33754.
..........17w

ਜੱਟ ਸਿੱਖ ਕੈਨੇਡਾ ਪੀ ਆਰ ਲੜਕੀ 1996/5'-7" B.Sc Nursing Govt. Job RN ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 98141-58021
..........19w

ਜੱਟ ਸਿੱਖ ਕੈਨੇਡਾ ਪੀ ਆਰ ਲੜਕੀ 1998/5'-7" B.Sc Nursing, RN ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 78370-05734.
..........15w

ਰਾਮਦਾਸੀਆ ਸਿੱਖ ਨਿਊਜ਼ੀਲੈਂਡ ਸਿਟੀਜ਼ਨ ਲੜਕੀ 1999/5'-5" M.Sc ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 98555-11185.
..........15w

**ਵਰ ਦੀ ਲੋੜ**
**Groom Wanted**

ਰਾਮਦਾਸੀਆ ਸਿੱਖ ਆਸਟ੍ਰੇਲੀਆ ਪੀ ਆਰ ਲੜਕੀ 2000/5'-7" Bachelor's of Nursing Registered Nurse ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। Caste no Bar. ਲੜਕੀ India ਆਈ ਹੈ। 90563-63382.
..........26w

ਮਜ਼੍ਹਬੀ ਸਿੱਖ Govt. Bank Job ਲੜਕੀ 1998/5'-6" B.Sc (Honours) ਲਈ Govt. Employee ਜਾਂ Businessman ਲੜਕੇ ਦੀ ਲੋੜ। 83601-14860.
..........19w

ਮਜ਼੍ਹਬੀ ਸਿੱਖ ਕੈਨੇਡਾ ਪੀ ਆਰ ਲੜਕੀ 1998/5'-5" B.Sc Nursing, RN ਲਈ ਵਧੀਆ ਪਰਿਵਾਰ ਦੀ ਲੋੜ। 99150-95937.
..........15w

**ਸੂਚਨਾ**

ਇਸ਼ਤਿਹਾਰ ਦਾਤਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ਼ਤਿਹਾਰਾਂ ਵਿਚ ਕਿਸੇ ਵੀ ਤਰ੍ਹਾਂ ਦੀ ਗ਼ਲਤੀ ਹੋਣ 'ਤੇ 7 ਦਿਨਾਂ ਦੇ ਅੰਦਰ ਮੁੱਖ ਦਫ਼ਤਰ ਸੰਪਰਕ ਕੀਤਾ ਜਾਵੇ। ਇਸ ਤੋਂ ਬਾਅਦ ਕੀਤੇ ਕਿਸੇ ਵੀ ਦਾਅਵੇ ਦਾ ਮੁੱਖ ਦਫ਼ਤਰ ਜ਼ਿੰਮੇਵਾਰ ਨਹੀਂ ਹੋਵੇਗਾ।
-ਇਸ਼ਤਿਹਾਰ ਮੈਨੇਜਰ



**ਸੂਚਨਾ**
**Notice**

**ਨਾਂਅ ਦੀ ਬਦਲੀ**
**Change of Name**

I, Sahil S/o Devi Dyal R/o H. No. 01 Near Vikash Dharam Shala, Abdullapur Basti Ludhiana (Punjab) have changed my name Sahil to Sahil Kumar. Concerned note.
..........27w



**ਨੌਕਰੀਆਂ/ਰੋਜ਼ਗਾਰ**
**jobs jobs jobs**

**ਅਸਾਮੀਆਂ**
**Vacancy**

Golden Chance ਚਾਹੀਦੇ Bank/MNC ਅੱਠਵੀਂ, ਦਸਵੀਂ, ਬਾਰ੍ਹਵੀਂ, ਗ੍ਰੈਜੂਏਟ ਲੜਕੇ-ਲੜਕੀਆਂ (14,000-30,000) 7837691675, 7837048128.
..........15w



**ਇਲਾਜ**
**Medical**

**ਬਿਊਟੀ**
**Beauty**

ਦਾੜ੍ਹੀ ਦਾ ਸਫੈਦ ਹੋਣਾ, ਵਾਲਾਂ ਦਾ ਝੜਨਾ, ਕੰਪਿਊਟਰਾਈਜ਼, ਮਸ਼ੀਨਾਂ ਦੁਆਰਾ ਟੈਸਟ ਕਰਕੇ ਲੇਜ਼ਰ ਮਸ਼ੀਨ/ਪੀ ਆਰ ਪੀ ਨਾਲ ਠੀਕ। ਲੇਜਰ+ਦਵਾਈ 1200-1500/-ਹਫਤਾ। ਸਿਰੀਰਾਮ ਹਸਪਤਾਲ, ਫਰੀਦਕੋਟ। 98143-32202.
..........27w

**ਪਾਠਕਾਂ ਦੇ ਧਿਆਨ ਹਿਤ**

ਪਾਠਕਾਂ ਨੂੰ ਬੇਨਤੀ ਹੈ ਕਿ ਇਸ ਅਖ਼ਬਾਰ ਵਿਚ ਪ੍ਰਕਾਸ਼ਿਤ ਕਿਸੇ ਵੀ ਇਸ਼ਤਿਹਾਰ ਦੇ ਸਬੰਧ ਵਿਚ ਕਿਸੇ ਵੀ ਤਰ੍ਹਾਂ ਦਾ ਕਦਮ ਚੁੱਕਣ (ਧਨ ਭੇਜਣ, ਡਾਕਟਰੀ ਸਲਾਹ ਜਾਂ ਹੋਰ ਕਿਸੇ ਤਰ੍ਹਾਂ ਦੀ ਕਾਰਵਾਈ) ਤੋਂ ਪਹਿਲਾਂ ਚੰਗੀ ਤਰ੍ਹਾਂ ਪੜਤਾਲ ਕਰ ਲੈਣ। ਕਿਸੇ ਉਤਪਾਦ/ਸੇਵਾਵਾਂ/ਰਿਸ਼ਤੇ ਅਤੇ ਵਿਆਹ ਦੇ ਸਬੰਧ ਵਿਚ ਕੀਤੇ ਕਿਸੇ ਇਸ਼ਤਿਹਾਰਦਾਤਾ ਦੇ ਕਿਸੇ ਤਰ੍ਹਾਂ ਦੇ ਦਾਅਵਿਆਂ ਤੇ ਵਾਅਦਿਆਂ ਲਈ 'ਅਜੀਤ' ਜ਼ਿੰਮੇਵਾਰ ਨਹੀਂ ਹੋਵੇਗਾ। 'ਅਜੀਤ' ਕਿਸੇ ਇਸ਼ਤਿਹਾਰ ਦੇ ਸਬੰਧ ਵਿਚ ਚੁੱਕੇ ਕਿਸੇ ਕਦਮ ਦੇ ਨਤੀਜੇ ਅਤੇ ਇਸ਼ਤਿਹਾਰਦਾਤਾਵਾਂ ਦੇ ਆਪਣੇ ਵਾਅਦਿਆਂ 'ਤੇ ਖਰਾ ਨਾ ਉਤਰਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ।